Punjab Government Gazette

Published by Authority

No. 33] CHANDIGARH, FRIDAY, AUGUST 15, 2025 (SRAVANA 24, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਉਚੇਰੀ ਸਿੱਖਿਆ ਵਿਭਾਗ

(ਸਿੱਖਿਆ-1 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 12 ਸਤੰਬਰ,2023

ਨੰ:DPIHE-GRT20MISc/144/2022-SERVICES-DPI-HIGHE EDUCATION/639700/2023.- ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ ਖਾਲੀ 1925 ਆਸਾਮੀਆਂ ਵਿਰੁੱਧ ਭਰਤੀ 140 ਸਹਾਇਕ ਪ੍ਰੋਫੈਸਰਾਂ (ਜਿੰਨ੍ਹਾਂ ਦਾ ਤਿੰਨ ਸਾਲ ਦਾ ਸਮਾਂ ਮਿਤੀ 31-05-2023 ਤੱਕ ਪੂਰਾ ਹੋ ਚੁੱਕਾ ਹੈ), ਦੀ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਤਨਖਾਹ ਦੀ ਗ੍ਰਾਂਟ (75% ਗ੍ਰਾਂਟ ਇੰਨ ਏਡ ਸਕੀਮ ਤਹਿਤ) ਦੇਣ ਦੀ ਪ੍ਰਵਾਨਗੀ ਦਿੰਦੇ ਹਨ।

ਸਬੰਧਤ ਕਾਲਜਾਂ ਦੀਆ ਮੈਨੇਜ਼ਮੈਂਟਾਂ ਇੰਨ੍ਹਾਂ 140 ਸਹਾਇਕ ਪ੍ਰੋਫੈਸਰਾਂ, ਜੋ ਕਿ ਇਹਨਾਂ ਮੈਨੇਜਮੈਂਟਾਂ ਦੇ ਹੀ ਕਰਮਚਾਰੀ ਹਨ, ਨੂੰ ਉਹਨਾਂ ਦੇ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਕਰਨ ਸਬੰਧੀ ਮੁਕੰਮਲ ਕਾਰਵਾਈ ਆਪਣੇ ਪੱਧਰ ਤੇ ਕਰਨਗੀਆਂ। ਮੈਨੇਜ਼ਮੈਂਟਾਂ ਇਹਨਾਂ 140 ਸਹਾਇਕ ਪ੍ਰੋਫੈਸਰਾਂ ਨੂੰ ਰੈਗੂਲਰ ਕਰਨ ਸਬੰਧੀ ਅਗਲੇਰੀ ਕਾਰਵਾਈ ਕਰਦੇ ਸਮੇਂ ਪੰਜਾਬ ਸਰਕਾਰ, ਸਬੰਧਤ ਯੂਨੀਵਰਸਿਟੀ, ਯੂ.ਜੀ.ਸੀ. ਅਤੇ ਗ੍ਰਾਂਟ ਇੰਨ ਏਡ ਸਕੀਮ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਪਾਬੰਦ ਹੋਣਗੀਆਂ।

ਜਸਪ੍ਰੀਤ ਤਲਵਾੜ,ਆਈ.ਏ.ਐਸ.

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਉਚੇਰੀ ਸਿੱਖਿਆ ਵਿਭਾਗ

ਚੰਡੀਗੜ੍ਹ

ਮਿਤੀ 07 ਸਤੰਬਰ,2023

3477/8-2025/Pb. Govt. Press, S.A.S. Nagar